# ਕਿਸੇ ਐਮਰਜੈਂਸੀ ਤੋਂ ਮਗਰੋਂ ਕੀ ਕਰਨਾਂ ਹੈ

## ਸੰਖੇਤ ਝਾਤ

ਅਚਨਚੇਤੀ ਐਮਰਜੈਂਸੀਆਂ ਅਤੇ ਆਫਤਾਂ ਦੇ ਦੇਰ ਤੱਕ ਰਹਿਣ ਵਾਲੇ ਪ੍ਰਭਾਵ ਹਰ ਇਕ ਲਈ ਵੱਖ ਵੱਖ ਹੁੰਦੇ ਹਨ। ਇਹ ਜਾਣ ਲੈਣਾ ਕਿ ਕਿਸੇ ਐਮਰਜੈਂਸੀ ਤੋਂ ਮਗਰੋਂ ਕੀ ਕਰਨਾਂ ਹੈ, ਤਣਾਉ ਨੂੰ ਘਟਾਉਣ ਅਤੇ ਤੇਜ਼ ਰਿਕਵਰੀ 'ਚ ਮਦਦ ਕਰ ਸਕਦਾ ਹੈ।

## ਰਿਕਵਰੀ ਇਕ ਅਮਲ ਹੈ

ਰਿਕਵਰੀ ਦੇ ਅਮਲ 'ਚ ਉਹ ਕਾਰਵਾਈਆਂ ਸ਼ਾਮਲ ਹਨ ਜੋ ਕਿਸੇ ਐਮਰਜੈਂਸੀ ਜਾਂ ਆਫਤ ਤੋਂ ਮਗਰੋਂ ਤੁਸੀਂ ਆਪਣੀ ਜ਼ਿੰਦਗੀ ਨੂੰ ਠੀਕ ਕਰਨ ਅਤੇ ਪੁਨਰ-ਸਥਾਪਤ ਕਰਨ ਲਈ ਕਰਦੇ ਹੋ। ਇਹ ਅਮਲ ਸੌਖਾ ਨਹੀਂ ਹੈ ਅਤੇ ਇਹ ਸਮਾਂ, ਅਨੁਕੂਲਨ ਅਤੇ ਧੀਰਜ ਮੰਗਦਾ ਹੈ। ਰਿਕਵਰੀ ਦੀਆਂ ਮਿਸਾਲਾਂ 'ਚ ਹੇਠ ਦਿੱਤਾ ਕੁਝ ਸ਼ਾਮਲ ਕੀਤਾ ਜਾ ਸਕਦਾ ਹੈ:

- ਕੂੜ-ਕਬਾੜ ਅਤੇ ਮਲਬੇ ਨੂੰ ਹਟਾਉਣਾ
- ਆਪਣੀ ਇੰਸ਼ੋਰੈਂਸ ਕੰਪਨੀ ਨੂੰ ਸੰਪਰਕ ਕਰਨਾਂ
- ਗੁੰਮ ਗਏ ਜਾਂ ਖਰਾਬ ਹੋ ਗਏ ਦਸਤਾਵੇਜ਼ਾਂ ਦੀ ਥਾਵੇਂ ਹੋਰ ਬਣਾਉਣਾ
- ਨਵਾਂ ਘਰ ਭਾਲਣਾ
- ਮਾਨਸਿਕ ਸਿਹਤ ਲਈ ਸਹਾਇਤਾ ਹਾਸਲ ਕਰਨਾਂ

ਪਤਾ ਲਗਾਉ ਕਿ ਕਿਸੇ ਐਮਰਜੈਂਸੀ ਤੋਂ ਮਗਰੋਂ ਤੁਹਾਡੀ ਕਮਿਊਨਿਟੀ ਕਿਹੜੀ ਥਾਂ 'ਤੇ ਜ਼ਰੂਰੀ ਜਾਣਕਾਰੀ ਪਾਵੇਗੀ। ਜਾਣਕਾਰੀ, ਜਿਵੇਂ ਕਿ ਸਹਾਇਤਾ ਅਤੇ ਰਿਕਵਰੀ ਸੇਵਾਵਾਂ ਜਿਹੜੀਆਂ ਤੁਹਾਨੂੰ ਉਪਲਬਧ ਹੋ ਸਕਦੀਆਂ ਹਨ, ਉਸ ਥਾਂ 'ਤੇ ਪਾਈ ਹੋ ਸਕਦੀ ਹੈ।

## ਕਮਿਊਨਿਟੀ

ਭਾਈਚਾਰਕ ਭਾਵਨਾਂ ਅਤੇ ਲੋਕ, ਜਿੰਨ੍ਹਾਂ 'ਤੇ ਤੁਸੀਂ ਨਿਰਭਰ ਹੋ ਸਕਦੇ ਹੋ, ਉਨ੍ਹਾਂ ਦਾ ਹੋਣਾ ਰਿਕਵਰੀ ਦਾ ਇਕ ਮਹੱਤਵਪੂਰਨ ਭਾਗ ਹੈ। ਖੋਜ ਦਰਸਾਉਂਦੀ ਹੈ ਕਿ ਮਜ਼ਬੂਤ ਪ੍ਰਸਪਰ ਸਬੰਧਾਂ ਵਾਲੀਆਂ ਕਮਿਊਨਿਟੀਆਂ ਵਧੇਰੇ ਤੇਜ਼ੀ ਨਾਲ ਰਿਕਵਰੀ ਕਰਦੀਆਂ ਹਨ।

### ਇਹ ਜਾਣਨ ਲਈ ਕਿ ਤੁਸੀਂ ਇਕ ਦੂਸਰੇ ਦੀ ਸਹਾਇਤਾ ਕਿਵੇਂ ਕਰ ਸਕਦੇ ਹੋ, ਆਪਣੇ ਆਂਢੀਆਂ-ਗੁਆਂਢੀਆਂ ਅਤੇ ਮਿੱਤਰਾਂ ਤੱਕ ਪਹੁੰਚ ਕਰੋ।

## ਮੁੜ-ਦਾਖਲਾ

ਜੇਕਰ ਤੁਹਾਨੂੰ ਆਪਣਾ ਸਥਾਨ ਖਾਲ੍ਹੀ ਕਰਨਾਂ ਪਿਆ ਹੈ ਤਾਂ ਤੁਸੀਂ ਉਨਾਂ ਚਿਰ ਘਰ ਵਾਪਸ ਨਹੀਂ ਆ ਸਕਦੇ ਜਿੰਨਾਂ ਚਿਰ ਅਧਿਕਾਰੀਆਂ ਨੇ ਤੁਹਾਨੂੰ ਇਹ ਨਾ ਆਖਿਆ ਹੋਵੇ ਕਿ ਅਜਿਹਾ ਕਰਨਾਂ ਸੁਰੱਖਿਅਤ ਹੈ।

ਕੁਝ ਕੇਸਾਂ 'ਚ ਮੁੜ-ਦਾਖਲੇ ਵਿਚ ਘਰ 'ਚ ਹੋਏ ਨੁਕਸਾਨ ਨੂੰ ਵੇਖਣ ਲਈ ਥੋੜ-ਚਿਰੀ ਵਾਪਸੀ ਸ਼ਾਮਲ ਹੋ ਸਕਦੀ ਹੈ। ਜੇਕਰ ਤੁਸੀਂ ਘਰ ਵਿਚ ਹੋਏ ਨੁਕਸਾਨ ਨੂੰ ਵੇਖਣ ਲਈ ਵਾਪਸ ਆਏ ਹੋ ਤਾਂ ਹੇਠ ਲਿਖੀਆਂ ਗੱਲਾਂ ਨੂੰ ਧਿਆਨ 'ਚ ਰੱਖੋ:

**ਆਪਣੇ ਘਰ ਜਾਂ ਪ੍ਰਾਪਰਟੀ 'ਚ ਦਾਖਲ ਨਾ ਹੋਵੋ, ਜੇਕਰ:**

- ਕਿਸੇ ਮਾਹਰ ਨੇ ਅਜਿਹਾ ਕਰ ਸਕਣ ਨੂੰ ਸੁਰੱਖਿਅਤ ਨਹੀਂ ਐਲਾਨਿਆਂ
- ਇਮਾਰਤ ਦਾ ਕੋਈ ਹਿੱਸਾ ਢਹਿ ਗਿਆ ਹੈ
- ਇਮਾਰਤ ਆਪਣੀ ਨੀਂਹ ਤੋਂ ਉੱਖੜ ਗਈ ਹੈ
- ਪਾਣੀ ਭਰ ਜਾਣ ਤੋਂ ਪਹਿਲਾਂ ਮੇਨ ਪਾਵਰ ਸਵਿੱਚ ਬੰਦ ਨਹੀਂ ਸੀ ਕੀਤਾ ਗਿਆ

ਹਰ ਸਮੇਂ ਬਹੁਤ ਸਾਵਧਾਨੀ ਵਰਤੋ, ਇਹ ਵਿਸ਼ੇਸ਼ ਤੌਰ 'ਤੇ ਸਹੀ ਗੱਲ ਹੈ ਜੇਕਰ ਫਰਸ਼ ਵਿਚ ਮਘੋਰੇ ਹੋਏ ਹਨ, ਟੁੱਟਿਆ ਸ਼ੀਸ਼ਾ ਜਾਂ ਖਤਰਨਾਕ ਮਲਬਾ ਖਿਲਰਿਆ ਪਿਆ ਹੈ।

## ਤੁਹਾਡੀ ਮਾਨਸਿਕ ਸਿਹਤ

ਆਫਤਾਂ ਲੋਕਾਂ ਉਪਰ ਕਈ ਤਰੀਕਿਆਂ ਨਾਲ ਅਸਰ ਪਾ ਸਕਦੀਆਂ ਹਨ। ਕਈ ਵਾਰ ਭਾਵਨਤਮਕ ਅਸਰ ਅਸੀਂ ਉਸੇ ਵਕਤ ਮਹਿਸੂਸ ਕਰ ਲੈਂਦੇ ਹਾਂ ਪਰ ਕਈ ਵਾਰ ਉਹ ਦਿਨਾਂ, ਹਫਤਿਆਂ, ਮਹੀਨਿਆਂ, ਇੱਥੋਂ ਤੱਕ ਕਿ ਸਾਲਾਂ ਬਾਦ ਸਾਹਮਣੇ ਆਉਂਦੇ ਹਨ। ਤਣਾਉ ਦੀਆਂ ਭਾਵਨਾਵਾਂ ਆਮ ਹਨ ਪਰੰਤੂ ਕਈਆਂ ਲੋਕਾਂ ਨੂੰ ਵਧੇਰੇ ਗੰਭੀਰ ਪਰੇਸ਼ਾਨੀ ਅਨੁਭਵ ਹੋ ਸਕਦੀ ਹੈ ਅਤੇ ਉਨ੍ਹਾਂ ਨੂੰ ਮਦਦ ਦੀ ਲੋੜ ਹੋ ਸਕਦੀ ਹੈ।

ਆਪਣੇ ਆਪ ਨੂੰ ਅਤੇ ਆਪਣੇ ਪਿਆਰਿਆਂ ਨੂੰ ਗੰਭੀਰ ਪ੍ਰੇਰਸ਼ਾਨੀ ਦੇ ਲੱਛਣਾਂ ਵਾਸਤੇ ਵਾਚਦੇ ਰਹੋ, ਜਿੰਨ੍ਹਾਂ 'ਚ ਸ਼ਾਮਲ ਹੋ ਸਕਦੇ ਹਨ:

- ਨੀਂਦ ਆਉਣ 'ਚ ਮੁਸ਼ਕਿਲ
- ਭਾਵਨਾਤਮਕ ਵਿਸਫੋਟ
- ਵਿਆਕੁਲਤਾ
- ਡਿਪ੍ਰੈਸ਼ਨ ਜਾਂ ਅਣਜਾਣੇ ਪ੍ਰਕਾਰ ਦੀਆਂ ਸਰੀਰਕ ਸਮੱਸਿਆਵਾਂ

ਜੇਕਰ ਇੰਨ੍ਹਾਂ ਵਿਚੋਂ ਕੋਈ ਵੀ ਲੱਛਣ ਸਾਹਮਣੇ ਆਉਂਦਾ ਹੋਵੇ ਤਾਂ ਉਨ੍ਹਾਂ ਬਾਰੇ ਯਕੀਨੀ ਤੌਰ 'ਤੇ ਗੱਲ ਕਰੋ ਅਤੇ ਕਿਸੇ ਪ੍ਰੋਫੈਸ਼ਨਲ ਕੋਲੋਂ ਸਲਾਹ ਲਵੋ।

## ਵਿੱਤੀ ਤਿਆਰੀ

- ਆਪਣੀਆਂ ਵਿਸ਼ੇਸ਼ ਜ਼ਰੂਰਤਾਂ ਬਾਰੇ ਕਿਸੇ ਇੰਸ਼ੋਰੈਂਸ ਏਜੰਟ ਨਾਲ ਗੱਲ ਕਰੋ।
- ਆਪਣੇ ਸਾਰੇ ਸਾਜ਼-ਸਮਾਨ ਦੀ ਇਕ ਵਿਸਤ੍ਰਿਤ ਲਿਸਟ ਤਿਆਰ ਕਰੋ
- ਹੋਮ ਇੰਸ਼ੋਰੈਂਸ ਕਲੇਮ ਕਰਨ ਵਾਸਤੇ *7 ਪੜਾਵਾਂ* ਬਾਰੇ ਜਾਣੋ



ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi

ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹੈ। ਉਨ੍ਹਾਂ ਨਾਲ askibcwest@ibc.ca 'ਤੇ ਈਮੇਲ ਰਾਹੀਂ ਜਾਂ 1-844-227-5422 'ਤੇ ਫੋਨ ਕਰਕੇ ਸੰਪਰਕ ਕਰੋ। ਇੰਸ਼ੋਰੈਂਸ ਤਿਆਰੀ ਬਾਰੇ ਵਧੇਰੇ ਜਾਣਕਾਰੀ ਲਈ ibc.ca ਵੇਖੋ।

## ਮਦਦਗਾਰੀ ਸਰੋਤ

- ਐਲਬਰਟਾ ਵਰਕਸ ਅਤੇ ਐਲਬਰਟਾ ਸੁਪੋਰਟਸ ਕਾਂਟਟੈਕਟ ਸੈਂਟਰ
- ਰਿਸਪਾਂਡਿੰਗ ਟੂ ਏ ਡਿਜ਼ਾਸਟਰ ਔਰ ਐਮਰਜੈਂਸੀ
- ਰਿਕਵਰੀ ਆਫਟਰ ਏ ਡਿਜ਼ਾਸਟਰ ਔਰ ਐਮਰਜੈਂਸੀ
- ਟੇਕਿੰਗ ਕੇਅਰ ਆਫ ਅਵਰਸੈਲਵਜ਼, ਅਵਰ ਫੈਮਿਲੀਜ਼ ਐਂਡ ਅਵਰ ਕਮਿਊਨਿਟੀਜ਼
- ਹੈਲਪਿੰਗ ਚਿਲਡਰਨ ਕੋਪ
- ਹੈਲਪਿੰਗ ਟੀਨਜ਼ ਕੋਪ

## ਤੁਹਾਡੀ ਸਥਾਨਕ ਸਰਕਾਰ ਦਾ ਰੋਲ

ਕਿਸੇ ਆਫਤ ਤੋਂ ਮਗਰੋਂ, ਤੁਹਾਡੀ ਸਥਾਨਕ ਸਰਕਾਰ ਉਨ੍ਹਾਂ ਕਾਰਵਾਈਆਂ 'ਤੇ ਧਿਆਨ ਲਗਾਵੇਗੀ ਜਿਹੜੀ ਕਮਿਊਨਿਟੀ ਉਸਾਰੀ 'ਚ ਸਹਾਈ ਹੁੰਦੀਆਂ ਹਨ, ਜਿਵੇਂ ਕਿ:

- ਨੁਕਸਾਨ ਅਤੇ ਘਾਟੇ ਦਾ ਮੁਲਾਂਕਣ ਕਰਨਾਂ
- ਪਬਲਿਕ ਸੇਵਾਵਾਂ ਦੀ ਮੁੜ-ਬਹਾਲੀ
- ਭਾਵਨਾਤਮਕ ਸਹਾਇਤਾ ਸੇਵਾ ਮੁਹੱਈਆ ਕਰਨਾਂ

ਤੁਹਾਡੀ ਸਥਾਨਕ ਸਰਕਾਰ, ਸੂਬਾਈ ਅਤੇ ਫੈਡਰਲ ਸਰਕਾਰਾਂ ਤੋਂ ਸਹਾਇਤਾ ਸਹਿਤ ਰਿਕਵਰੀ ਯੋਜਨਾਵਾਂ ਅਤੇ ਉੱਦਮਾਂ ਦੀ ਅਗਵਾਈ ਵੀ ਕਰਦੀ ਹੈ।

## ਸੂਬਾਈ ਸਰਕਾਰ ਦਾ ਰੋਲ

ਕਿਸੇ ਆਫਤ ਜਾਂ ਵੱਡੀ ਐਮਰਜੈਂਸੀ 'ਚੋਂ ਨਿਕਲਣ ਵਾਸਤੇ ਮਦਦ ਕਰਨਾਂ ਐਲਬਰਟਾ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ। ਸੂਬਾਈ ਸਰਕਾਰ ਕਿਵੇਂ ਮਦਦ ਮੁਹੱਈਆ ਕਰਦੀ ਹੈ, ਇਸ ਦੀਆਂ ਕੁਝ ਉਦਾਹਰਨਾਂ ਇਹ ਹਨ:

- ਪ੍ਰੋਗਰਾਮ, ਗਰਾਂਟਾਂ ਅਤੇ ਟੈਕਸ ਫਾਇਦੇ ਜੋ ਪੁਨਰ-ਉਸਾਰੀ 'ਚ ਸਹਾਈ ਹੋਣ
- ਪ੍ਰੋਗਰਾਮਾਂ, ਜਿਵੇਂ ਕਿ ਡਿਜ਼ਾਸਟਰ ਰਿਕਵਰੀ ਪ੍ਰੋਗਰਾਮ ਰਾਹੀਂ ਵਿੱਤੀ ਸਹਾਇਤਾ
- ਐਲਬਰਟਾ ਨਿਵਾਸੀਆਂ ਨੂੰ ਇੰਸ਼ੋਰੈਂਸ ਉਪਲਬਧ ਕਰਨ ਲਈ ਇੰਤਜ਼ਾਮ ਕਰਨਾਂ
- ਸੂਬਾਈ ਸਹਾਇਤਾ ਲਈ ਸਲਾਹ ਮਸ਼ਵਰਾ ਅਤੇ ਤਾਲਮੇਲ ਪ੍ਰਦਾਨ ਕਰਨ ਲਈ ਸਥਾਨਕ ਕਮਿਊਨਿਟੀ ਨਾਲ ਮਿਲਕੇ ਕੰਮ ਕਰਨਾਂ

ਡਿਜ਼ਾਸਟਰ ਰਿਕਵਰੀ ਬਾਰੇ ਵਧੇਰੇ ਜਾਣਕਾਰੀ ਲੈਣ ਲਈ Alberta.ca ਵੇਖੋ। ਕਿਰਪਾ ਕਰਕੇ ਨੋਟ ਕਰੋ ਕਿ ਸੂਬਾਈ ਪ੍ਰੋਗਰਾਮ ਕਦੇ ਵੀ ਗਰੰਟੀ ਵਾਂਗ ਨਹੀਂ ਹਨ ਅਤੇ ਇਹ ਪ੍ਰਾਈਵੇਟ ਇੰਸ਼ੋਰੈਂਸ ਦੇ ਪੂਰਕ ਨਹੀਂ ਹਨ।

## ਇਸ 'ਚ ਅਸੀਂ ਸਾਰੇ ਇਕੱਠੇ ਹਾਂ

ਕਈ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ (NGOs) ਮੌਜੂਦ ਹਨ ਜੋ ਉਨ੍ਹਾਂ ਲੋਕਾਂ ਦੀ ਸਹਾਇਤਾ ਲਈ ਪ੍ਰਤਿਬਧ ਹਨ ਜਿਹੜੇ ਕਿਸੇ ਆਫਤ ਜਾਂ ਐਮਰਜੈਂਸੀ ਦੁਆਰਾ ਪ੍ਰਭਾਵਤ ਹੁੰਦੇ ਹਨ। ਮਿਸਾਲਾਂ 'ਚ ਸ਼ਾਮਲ ਹਨ:

- ਕਮਿਊਨਿਟੀ ਸਾਫ-ਸਫਾਈ
- ਮਨੋਵਿਗਿਆਨਕ ਕਾਊਂਸਲਿੰਗ
- ਗੁੰਮ ਹੋ ਗਈਆਂ ਵਸਤਾਂ ਦੀ ਥਾਵੇਂ ਹੋਰ ਲੈਣ 'ਚ ਸਹਾਇਤਾ
- ਪੇਪਰਵਰਕ ਅਤੇ ਹੋਰ ਲੋੜੀਂਦੇ ਕੰਮਕਾਰ

2019 ਤੱਕ ਤੋਂ ਲੈ ਕੇ ਐੱਨ ਜੀ ਓ ਕੌਂਸਲ ਆਫ ਐਲਬਰਟਾ ਦੇ ਭਾਈਵਾਲ ਹਨ:

- ਕੈਨੇਡੀਅਨ ਰੈੱਡ ਕਰਾਸ
- ਸੇਂਟ ਜੌਹਨ ਐਂਬੂਲੈਂਸ
- ਸਾਲਵੇਸ਼ਨ ਆਰਮੀ
- ਐਡਵੈਂਟਿਸਟ ਡਿਜ਼ਾਸਟਰ ਰਿਲੀਫ ਏਜੰਸੀ
- ਬਿਲੀ ਗਰਾਹਮ ਰੈਪਿਡ ਰਿਸਪਾਂਸ ਟੀਮ ਚੈਪਲੈਂਸੀ
- ਕੈਨੇਡੀਅਨ ਗਲੋਬਲ ਰਿਸਪਾਂਸ
- ਮੈਨੋਨਾਈਟ ਡਿਜ਼ਾਸਟਰ ਸਰਵਿਸ
- ਸਮਾਰੀਟਨ'ਜ਼ ਪਰਸ ਕੈਨੇਡਾ
- ਟੀਮ ਰੁਬੀਕਾਨ ਕੈਨੇਡਾ
- ਵਰਲਡ ਰੀਨਿਊ
- ਐਲਬਰਟਾ ਐੱਸ ਪੀ ਸੀ ਏ

## ਵਧੇਰੇ ਜਾਣਕਾਰੀ ਲਈ

ਹੇਠ ਲਿਖਿਆਂ ਬਾਰੇ ਸਾਡੀਆਂ ਹੋਰ ਤੱਥ ਸ਼ੀਟਾਂ ਪੜ੍ਹੋ:

- ਘਰ ਮਾਲਕਾਂ ਅਤੇ ਰਿਹਾਇਸ਼ੀ ਕਿਰਾਏਦਾਰਾਂ, ਨਾਟ-ਫਾਰ-ਪ੍ਰਾਫਿਟ ਤੇ ਕੋਆਪਰੇਟਿਵਾਂ ਅਤੇ ਐਗਰੀਕਲਚਰ ਤੇ ਫਾਰਮਿੰਗ ਆਪਰੇਸ਼ਨਾਂ ਲਈ ਡਿਜ਼ਾਸਟਰ ਰਿਕਵਰੀ ਪ੍ਰੋਗਰਾਮ ਬਾਰੇ ਜਾਣਕਾਰੀ
- ਕਿਸੇ ਐਮਰਜੈਂਸੀ ਤੋਂ ਪਹਿਲਾਂ
- ਕਿਸੇ ਐਮਰਜੈਂਸੀ ਦੌਰਾਨ

ਤੁਸੀਂ ਤਿਆਰੀ ਕਰਨ ਬਾਰੇ ਹੋਰ ਜਾਣਕਾਰੀ **Alberta.ca** ਜਾਂ ਆਪਣੀ ਕਮਿਊਨਿਟੀ ਦੇ ਡਾਇਰੈਕਟਰ ਆਫ ਐਮਰਜੈਂਸੀ ਮੈਨੇਜਮੈਂਟ ਨਾਲ ਸੰਪਰਕ ਕਰਕੇ ਲੈ ਸਕਦੇ ਹੋ।



ਕਾਪੀਰਾਈਟ 2021 ਗਵਰਨਮੈਂਟ ਆਫ ਐਲਬਰਟਾ | ਮਈ 2021 | ਮਿਊਂਸਿਪਲ ਅਫੇਅਰਜ਼
Classification: Public - Punjabi

Alberta